# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 19:- ਅੱਜ ਯੂਟੀ ਗ੍ਰਹਿ ਅਤੇ ਸਿਹਤ ਸਕੱਤਰ ਸ਼੍ਰੀ ਰਾਮ ਨਿਵਾਸ ਨੇ ਸਰਕਾਰੀ ਕਾਲਜ਼ ਲੜਕਿਆਂ, ਸੈਕਟਰ 11 ਵਿਚ ਰਾਜ਼ ਪੱਧਰ ਦਾ 'ਮਾਂ ਅਤੇ ਬੱਚੇ ਦੀ ਦੇਖਭਾਲ' ਹੋਮਿਊਪੈਥੀ ਕੈਂਪ ਦਾ ਉਦਘਾਟਨ ਕੀਤਾ। ਇਹ ਕੈਂਪ ਆਯੂਸ਼ ਵਿਭਾਗ ਅਤੇ ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਦੁਆਰਾ ਆਯੋਜਤ ਕੀਤਾ ਗਿਆ ਅਤੇ ਇਹ 20 ਮਾਰਚ, 2010 ਤੱਕ ਜ਼ਾਰੀ ਰਹੇਗਾ। ਇਹ ਵਰਕਸ਼ਾਪ ਮਾਂ ਅਤੇ ਬੱਚੇ ਦੀ ਦੇਖਭਾਲ ਲਈ ਹੋਮਿਊਪੈਥੀ ਦੀ ਤਾਕਤ ਨੂੰ ਉਜ਼ਾਗਰ ਕਰਦੀ ਹੈ ਅਤੇ ਦੇਸ਼ ਦੀ ਮੁੱਖਧਾਰਾ ਦੀ ਸਿਹਤ ਵਿਚ ਹੋਮਿਊਪੈਥੀ ਦੇ ਏਕੀਕਰਨ ਲਈ ਰਸਤਾ ਸੌਖਾ ਕਰਦੀ ਹੈ।

ਹੋਮਿਊਪੈਥੀ ਪ੍ਰਣਾਲੀ ਦੀ ਮਹੱਤਤਾ ਨੂੰ ਸਪੱਸ਼ਟ ਕਰਦਿਆਂ ਸ਼੍ਰੀ ਨਿਵਾਸ ਨੇ ਕਿਹਾ ਕਿ ਹੋਮਿਊਪੈਥੀ ਪੱਧਤੀ ਰੋਗ ਦੇ ਲੱਛਣਾਂ ਦੇ ਵਿਸ਼ਲੇਸ਼ਣ ਦੁਆਰਾ ਰੋਗੀਆਂ ਦਾ ਇਲਾਜ਼ ਕਰਨ ਦਾ ਯਤਨ ਕਰੇਗੀ। ਸ਼੍ਰੀ ਨਿਵਾਸ ਨੇ ਕਿਹਾ ਕਿ ਹੋਮਿਊਪੈਥੀ ਪ੍ਰਣਾਲੀ ਤੇਜ਼ੀ ਨਾਲ ਵੱਧ ਰਹੀ ਹੈ ਪਰ ਅਜ਼ੇ ਵੀ ਬਹੁਤ ਸਾਰੇ ਲੋਕ ਹੋਮਿਊਪੈਥੀ ਦਵਾਈਆਂ ਦੇ ਉਪਯੋਗ ਦੇ ਬਾਰੇ ਵਿਚ ਸੰਦੇਹਵਾਦੀ ਹਨ। ਉਹ ਐਲੋਪੈਥਿਕ ਸਿਸਟਮ ਤੇ ਵਧੇਰੇ ਭਰੋਸਾ ਕਰਦੇ ਹਨ। ਉਹਨਾਂ ਨੇ ਆਸ਼ਾ ਜਤਾਈ ਕਿ ਕੁਝ ਸਾਰਥਕ ਤਰੀਕੇ ਜਿਵੇਂ ਹੋਮਿਊਪੈਥਿਕ ਨੂੰ ਬੜਾਵਾ ਦੇ ਕੇ ਅਤੇ ਲੋਕਾਂ ਨੂੰ ਹੋਮਿਊਪੈਥੀ

ਦਵਾਈਆਂ ਦੇ ਲਾਭਾਂ ਦੇ ਬਾਰੇ ਵਿਚ ਜਾਗਰੂਕ ਕਰਕੇ ਇਸ ਸਥਿਤੀ ਤੋਂ ਬਾਹਰ ਆ ਸਕਦੇ ਹਾਂ।

ਯੂਟੀ ਪ੍ਰਸ਼ਾਸਨ, ਸਿਹਤ ਸੇਵਾ ਨਿਰਦੇਸ਼ਕ ਡਾ. ਐਮ ਐਸ ਬੈਂਸ ਨੇ ਕਿਹਾ ਕਿ ਇਸ ਵਰਕਸ਼ਾਪ ਦਾ ਉਦੇਸ਼ ਸਰਵਜਨਕ ਸਿਹਤ ਸੁਰੱਖਿਆ ਦੇ ਲਈ ਆਯੂਸ਼ ਸਿਸਟਮ ਦਾ ਪ੍ਰਚਾਰ ਕਰਨਾ ਅਤੇ ਬੜਾਵਾ ਦੇਣਾ ਹੈ।

ਡਾ. ਬੈਂਸ ਨੇ ਕਿਹਾ ਕਿ ਵਰਕਸ਼ਾਪ ਹੋਮਿਊਪੈਥੀਸ ਨੂੰ ਮਾਂ ਅਤੇ ਬੱਚੇ ਦੀ ਦੇਖਰੇਖ ਦੀ ਟ੍ਰੇਨਿੰਗ ਪ੍ਰਦਾਨ ਕਰੇਗੀ ਅਤੇ ਆਯੂਸ਼ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਤਰੀਕੇ ਲੱਭੇਗੀ। ਇਹ ਇੱਕ ਹੀ ਛੱਤ ਦੇ ਹੇਠਾਂ ਲੋਕਾਂ ਨੂੰ ਹਰ ਤਰ੍ਹਾਂ ਦੀ ਸਿਹਤ  ਸੁਰੱਖਿਆ ਪ੍ਰਦਾਨ ਕਰੇਗੀ।

ਇਸ ਵਰਕਸ਼ਾਪ ਵਿਚ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਦੇ 200 ਪ੍ਰਤੀਨਿਧੀ ਭਾਗ ਲੈ ਰਹੇ ਹਨ ਜਿਹਨਾਂ ਵਿਚ ਹੋਮਿਊਪੈਥੀ, ਆਯੁਰਵੈਦਿਕ, ਐਲੋਪੈਥਿਕ ਅਤੇ ਡੈਂਟਲ ਡਾਕਟਰ ਸ਼ਾਮਿਲ ਹਨ। ਇਹ ਹੋਮਿਊਪੈਥੀ ਦੀ ਮੁੱਖ ਧਾਰਾ ਦੀ ਤਲਾਸ਼ ਕਰੇਗੀ, ਮਾਤਾ ਅਤੇ ਬੱਚੇ ਦੀ ਸੁਰੱਖਿਆ ਵਿਸ਼ੇਸ਼ ਰੂਪ ਵਿਚ ਏਐਨਸੀ ਦੌਰਾਨ ਮਨੋਵਿਗਿਆਨਕ ਅਤੇ ਸਮਾਜਿਕ ਪਹਿਲੂ ਤੇ ਧਿਆਨ ਕੇਂਦਰਤ ਕਰੇਗੀ, ਗਰਭ ਅਵਸਥਾ ਦੇ ਦੌਰਾਨ ਸਿਸਟੇਮੈਟਿਕ ਪਰਿਵਰਤਨਾਂ ਦਾ ਅਧਿਐਨ ਕਰੇਗੀ ਅਤੇ ਵਿਸ਼ਵਕ ਅਨੁਸੰਧਾਨ ਤੇ ਜ਼ੋਰ ਦੇਵੇਗੀ।

ਵਿਸ਼ੇਸ਼ ਸਿਹਤ ਸਕੱਤਰ ਸ਼੍ਰੀ ਅਜੋਏ ਸ਼ਰਮਾ, ਜੀਐਮਸੀਐਚ 32 ਦੇ ਡਾਇਰੈਕਟਰ ਪ੍ਰਿੰਸੀਪਲ ਪ੍ਰੋ: ਰਾਜ਼ ਬਹਾਦਰ ਅਤੇ ਹੋਰ ਸੀਨੀਅਰ ਡਾਕਟਰ ਇਸ ਮੌਕੇ ਤੇ ਸ਼ਾਮਿਲ ਹੋਏ।